ਰਾਜ ਵਿਦਿਅਕ ਖ਼ੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਦੂਜੀ ਮੰਜਿਲ, ਫੇਜ਼-8, ਐਸ.ਏ.ਐਸ. ਨਗਰ, ਮੋਹਾਲੀ,
ਈਮੇਲ: directorscert@punjabeducation.gov.in, ਫੋਨ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ)
ਪੰਜਾਬ।

ਮੀਮੋ ਨੰ: SCERT/SCI/ 202465821 ਮਿਤੀ: ਐਸ.ਏ.ਐਸ. ਨਗਰ:11.03.2024

ਵਿਸ਼ਾ:- **Jal Shakti Abhiyan : Catch the Rain campaign** ਜਲ-ਪਖਵਾੜਾ 2024 ਮਨਾਉਣ ਸੰਬੰਧੀ।

1. ਉਪਰੋਕਤ ਵਿਸ਼ੇ ਸੰਬੰਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2. Department of School Education & literacy, Ministry of Education, Government of India ਵੱਲੋਂ ਮਿਤੀ 16 ਤੋਂ 30 ਅਪ੍ਰੈਲ ਤੱਕ ਜਲ-ਪਖਵਾੜਾ ਮਨਾਇਆ ਜਾ ਰਿਹਾ ਹੈ। ਇਸ ਪਖਵਾੜੇ ਦੌਰਾਨ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਣੀਆ ਹਨ। ਇਸ ਦੌਰਾਨ ਸਿੱਖਿਆ ਅਦਾਰਿਆਂ ਵਿੱਚ ਜਲ ਪਖਵਾੜੇ ਦੇ ਪਹਿਲੇ ਦਿਨ ਅਤੇ ਸਵੇਰ ਦੀ ਸਭਾ ਵਿੱਚ ਵਿਦਿਆਰਥੀ ਅਤੇ ਅਧਿਆਪਕਾਂ ਦੁਆਰਾ ਹਰ ਰੋਜ਼ ਜਲ ਸ਼ਪਥ ਲਈ ਜਾਵੇਗੀ।
3. ਸਕੂਲ ਅਤੇ ਘਰ ਵਿੱਚ "ਪਾਣੀ ਦੀ ਸੰਭਾਲ" ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਜਲ ਪਖਵਾੜੇ ਦੇ ਪਹਿਲੇ ਹਫ਼ਤੇ ਵਿੱਚ SMCs/ PTAs ਨਾਲ ਮੀਟਿੰਗ ਜਾਂ ਵਰਕਸ਼ਾਪ ਕਰਵਾਈ ਜਾਵੇ।
4. ਪੱਤਰ ਵਿੱਚ ਨੱਥੀ ਗਤੀਵਿਧੀਆਂ ਅਨੁਸਾਰ ਸਕੂਲਾਂ ਅੰਦਰ "ਪਾਣੀ ਦੀ ਸੰਭਾਲ" ਤੇ ਅਧਾਰਿਤ Debates/ Essay/ Quiz/ Painting ਮੁਕਾਬਲੇ ਕਰਵਾਏ ਜਾਣ।
5. ਸਕੂਲਾਂ ਅੰਦਰ ਜਲ ਪਖਵਾੜਾ ਮਿਸ਼ਨ ਦੇ ਮੱਦੇ ਨਜ਼ਰ ਪਾਈਪ ਵਾਟਰ ਸਪਲਾਈ ਕੁਨੈਕਸ਼ਨ ਲਈ ਸਥਿਤੀ ਦੀ ਜਾਂਚ/ ਸਮੀਖਿਆ ਕੀਤੀ ਜਾਵੇ।
6. ਸੰਸਥਾ/ ਸਕੂਲ ਆਪਣੀ website ਤੇ "ਪਾਣੀ ਦੀ ਸੰਭਾਲ" ਸੰਬੰਧੀ ਸੰਦੇਸ਼ ਅਤੇ ਕਰਵਾਈਆਂ ਗਈਆਂ ਗਤੀਵਿਧੀਆਂ ਦੀਆਂ ਫੋਟੋਆਂ, ਵੀਡੀਓ ਆਦਿ ਨੂੰ ਪੋਸਟ ਕੀਤਾ ਜਾਵੇ।
7. ਉਕਤ ਜਲ ਪਖਵਾੜੇ ਵਿੱਚ ਭਾਗ ਲੈਣ ਵਾਲੇ ਸਕੂਲਾਂ ਅਤੇ ਵਿਦਿਆਰਥੀਆਂ ਦੀ ਗਿਣਤੀ, ਹਰ ਰੋਜ਼ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਸਮੇਤ ਫੋਟੋਆਂ, ਵੀਡੀਓ ਆਦਿ ਨੂੰ ਸੋਸ਼ਲ ਮੀਡੀਆ ਰਾਹੀ ਜਲ ਪਖਵਾੜੇ ਦੌਰਾਨ ਹਰ ਰੋਜ਼ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ।
8. ਸਕੂਲਾਂ ਅੰਦਰ ਕਰਵਾਈਆਂ ਜਾਣ ਵਾਲੀਆਂ ਰੋਜ਼ਾਨਾ ਗਤੀਵਿਧੀਆਂ ਦੀ ਰਿਪੋਰਟ ਗੂਗਲ ਲਿੰਕ https://forms.gle/nPGhAaytejgNmWM79 ਵਿੱਚ ਮਿਤੀ ਵਾਰ ਭੇਜਣਾ ਯਕੀਨੀ ਬਣਾਈ ਜਾਵੇ।

Scanned with ACE Scanner

9. ਜਲ ਪਖਵਾੜਾ ਦੇ ਦੌਰਾਨ ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਪਾਣੀ ਦੀ ਸੰਭਾਲ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮਾਂ ਦਾ ਆਯੋਜਨ ਕਰਨ ਲਈ ਵਿਦਿਆਰਥੀ ਰਾਜਦੂਤਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

10. ਸਮੂਹ ਗਤੀਵਿਧੀਆਂ ਦਾ ਰਿਕਾਰਡ ਰੱਖਿਆ ਜਾਵੇ।

11. ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਦੀ ਸੂਚੀ ਨਾਲ ਨੱਥੀ ਹੈ ਜੀ।

ਅਮਨਿੰਦਰ ਕੌਰ (ਪੀ.ਸੀ.ਐਸ.)
ਡਾਇਰੈਕਟਰ
ਐੱਸ.ਸੀ.ਈ.ਆਰ.ਟੀ., ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: ਐਸ.ਏ.ਐਸ. ਨਗਰ 11.03.2024

ਉਪਰੋਕਤ ਦਾ ਉਤਾਰਾ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡੀ.ਐਮ (ਐਮ.ਆਈ.ਐਸ.)।
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)।
3. ਸੰਬੰਧਤ ਸਕੂਲ ਮੁਖੀ

(ਡਾ. ਬੂਟਾ ਸਿੰਘ ਸੇਖੋਂ)
ਸਹਾਇਕ ਡਾਇਰੈਕਟਰ
ਐੱਸ.ਸੀ.ਈ.ਆਰ.ਟੀ., ਪੰਜਾਬ

Scanned with ACE Scanner

## ਜਲ ਪਖਵਾੜਾ - 2024 ਮਿਤੀ 16 ਤੋਂ 30 ਅਪ੍ਰੈਲ ਤੱਕ ਲਈ ਗਤੀਵਿਧੀਆਂ

| ਲੜੀਨੰ. | ਮਿਤੀ | ਗਤੀਵਿਧੀ |
|---|---|---|
| 1 | 16.04.2024 | ਸ਼ਪਥ, ਅਧਿਆਪਕਾਂ ਵੱਲੋਂ ਪਾਣੀ ਦੀ ਸੰਭਾਲ ਸੰਬੰਧੀ ਲੈਕਚਰ |
| 2 | 18.04.2024 | ਸ਼ਪਥ, ਡੀਬੇਟ |
| 3 | 19.04.2024 | ਸ਼ਪਥ, ਕੁਇਜ਼ ਮੁਕਾਬਲੇ |
| 4 | 20.04.2024 | ਸ਼ਪਥ, ਲੇਖ, ਪੇਂਟਿੰਗ ਅਤੇ ਸਲੋਗਨ ਮੁਕਾਬਲੇ |
| 5 | 22.04.2024 | ਸ਼ਪਥ, ਜਾਗਰੂਕਤਾ ਰੈਲੀ |
| 6 | 23.04.2024 | ਸ਼ਪਥ, ਨੁੱਕੜ ਨਾਟਕ/ ਸਕਿੱਟ/ ਰੋਲਪਲੇਅ |
| 7 | 24.04.2024 | ਸ਼ਪਥ, ਗੀਤ ਰਚਨਾ/ ਗਾਇਨ |
| 8 | 25.04.2024 | ਸ਼ਪਥ, ਕਵਿਤਾ ਰਚਨਾ |
| 9 | 26.04.2024 | ਸ਼ਪਥ, ਐਜੂਸੈਂਟ ਲੈਕਚਰ |
| 10 | 27.04.2024 | ਸ਼ਪਥ, ਮਾਤਾ-ਪਿਤਾ ਅਤੇ ਐਸ.ਐਮ.ਸੀ. ਮੈਂਬਰਾਂ ਨੂੰ ਜਾਗਰੂਕ ਕਰਨ ਲਈ ਵਰਕਸ਼ਾਪ |
| 11 | 29.04.2024 | ਸ਼ਪਥ, ਵਿਦਿਆਰਥੀ ਅੰਬੈਸਡਰ ਦੁਆਰਾ ਭਾਸ਼ਣ |
| 12 | 30.04.2024 | ਸ਼ਪਥ, ਵਿਦਿਆਰਥੀ ਅੰਬੈਸਡਰ ਦੁਆਰਾ ਭਾਸ਼ਣ |

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ. ਡੀ-ਸੀ(.) 2024/802 ਮਿਤੀ 02/4/2
ਇਸ ਪੱਤਰ ਦਾ ਉਤਾਰਾ ਜ਼ਿਲ੍ਹਾ ਦੇ ਸਮੂਹ ਦੇ
ਸਰਕਾਰੀ/ ਮਾਨਤਾ ਅਤੇ ਐਸੋਸੀਏਟਿਡ ਸਕੂਲਾਂ ਨੂੰ ਸੂਚਨਾ
ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।

Scanned with ACE Scanner